**ਬੱਚਿਆਂ ਦੇ ਰਿਪੋਰਟ ਕਾਰਡ ਨੂੰ ਸਮਝਣ ਲਈ ਮਾਪਿਆਂ ਲਈ ਜਾਣਕਾਰੀ**

ਬੱਚੇ ਦੇ ਰਿਪੋਰਟ ਕਾਰਡ ਨੂੰ ਪੜ੍ਹਨ ਨਾਲ ਮਾਪੇ ਅਕਸਰ ਸ਼ਸ਼ੋਪੰਜ ਵਿੱਚ ਆ ਜਾਂਦੇ ਹਨ। ਅਗਰ ਕੋਈ ਬੱਚਾ ਆਪਣੇ ਰਿਪੋਰਟ ਕਾਰਡ ਵਿੱਚ ਇਹ ਖਬਰ ਲੈ ਕਿ ਆਂਓਂਦਾ ਹੈ ਕਿ ਓਹ ਕਿਸੇ ਵੀ ਮਜ਼ਬੂਨ ਵਿੱਚ " ਲੋੜੀਦੀਆਂ ਆਸਾਂ ਨੂੰ ਪੂਰੀਆਂ ਕਰ ਰਿਹਾ ਹੈ", ਤਾਂ ਕਈ ਵਾਰੀ ਮਾਪਿਆ ਦੀ ਆਸ਼ਾ ਹੁੰਦੀ ਹੈ ਕਿ ਓਸ ਬੱਚੇ ਨੂੰ "ਬੀ" ਦਾ ਨੰਬਰ ਮਿਲੇਗਾ। ਲੇਕਿਨ ਜਿ ਓਸ ਬੱਚੇ ਲਈ ਅਧਿਆਪਕ ਨੇ "ਸੀ" ਦਾ ਨਬੰਰ ਦਿੱਤਾ ਹੋਵੇ ਤਾਂ ਮਾਪੇ ਕੁੱਝ ਹੈਰਾਨ ਹੁੰਦੇ ਹਨ। ਇਹ ਜਾਨਣਾ ਜ਼ਰੂਰੀ ਹੈ ਕਿ ਵਿਦਿਆ ਵਿਭਾਗ ਦੇ ਮਿਆਰ ਦੌਰਾਨ "ਸੀ" ਦਾ ਨਬੰਰ ਤੱਸਲੀ ਬਖਸ਼ ਨੰਬਰ ਹੈ।

ਇਸ ਤਰਾਂ ਦੀਆਂ ਓਲਝਣਾਂ ਬਾਰੇ ਦਸਬੰਰ ਵਿੱਚ ਬੀਵਰ ਸਕੂਲ ਦੇ ਅੰਦਰ, ਪ੍ਰਿੰਸੀਪਲ ਹਾਰਟ ਸ਼ਨੇ ਅਤੇ ਸਰ੍ਹੀ ਦੇ ਵੈਲਕਮ ਸੈਨਟਰ ਦੇ ਕਰਮਚਾਰੀ ਮਾਰਕ ਐਜੰਰਿਲੀ ਨੇ, ਇੱਕ ਵਰਕ ਸ਼ਾਪ ਰਾਹੀਂ ਮਾਪਿਆਂ ਨੂੰ ਜਾਣਕਾਰੀ ਦਿੱਤੀ। ਵੈਲਕਮ ਸੈਂਟਰ ਨੇ ਵਿਦਿਆ ਵਿਭਾਗ ਦੀਆਂ ਗਾਈਡਲਾਈਨਾਂ ਦੇ ਅਧੀਨ ਬੱਚਿਆਂ ਨੂੰ ਕਿਵੇਂ ਨਬੰਰ ਦਿੱਤੇ ਜਾਂਦੇ ਹਨ, ਬਾਰੇ ਜਾਣਕਾਰੀ ਦਿੱਤੀ।

**ਵਿਦਿਆ ਵਿਭਾਗ ਵਲੋਂ ਜਾਰੀ ਕੀਤੇ ਸਿੱਖਣ ਦੇ ਨਤੀਜੇ**

ਹਰ ਬੱਚੇ ਦੀ ਮਾਹਿਰਤਾ ਜਾਂ ਨਿਪੁੰਨਤਾ ਨੂੰ ਵਿਦਿਆ ਵਿਭਾਗ ਵਲੋਂ ਲਾਗੂ ਕੀਤੇ ਗਏ ਪਾਠਕਰਮ ਵਿੱਚ ਨਾਪਿਆ ਜਾਂਦਾ ਹੈ। ਵਿਦਿਆ ਵਿਭਾਗ ਨੇ ਹਰ ਕਲਾਸ ਵਿੱਚ ਬੱਚਿਆਂ ਲਈ ਜੋ ਸਿੱਖਣ ਦੀ ਲੋੜ ਹੈ, ਹਰ ਮਜ਼ਬੂਨ ਅਤੇ ਵਿਸ਼ੇ ਓਪਰ, ਓਸ ਦਾ ਵੇਰਵਾ ਸਕੂਲਾਂ ਵਿੱਚ ਲਾਗੂ ਕੀਤਾ ਹੋਇਆ ਹੈ। ਹਰ ਰੀਪੋਰਟ ਕਾਰਡ ਵਿੱਚ ਇਨ੍ਹਾਂ ਲਾਗੂ ਕੀਤਿਆਂ ਵੇਰਵਿਆਂ ਵਿੱਚੋਂ ਅਧਿਆਪਕ ਸਿਰਫ ਓਹੀ ਖੇਤਰਾਂ ਵਿੱਚ ਜਾਣਕਾਰੀ ਭੇਜਦੇ ਹਨ ਜੋ ਓਹਨਾਂ ਦੇ ਫੈਸਲੇ ਮੁਤਾਬਿਕ ਜ਼ਰੂਰੀ ਹਨ। ਹਰ ਗਰੇਡ ਲੈਵਲ ਲਈ ਇਹ ਜੋ ਸਿਖੱਣ ਵਾਲੇ ਵਿਸ਼ੇ ਹਨ, ਓਨ੍ਹਾਂ ਦੀ ਸਾਰੀ ਜਾਣਕਾਰੀ ਵਿਦਿਆ ਵਿਭਾਗ ਦੀ ਵੈਬ ਸਾਈਟ ਓਪਰ ਵੀ ਦਿੱਤੀ ਹੋਈ ਹੈ : **www.sd36.bc.ca/irp/**
ਅਗਰ ਤੁਸੀਂ ਓਦਾਹਰਣ ਵਜੋਂ ਜਾਨਣਾ ਚਾਹੋ ਕਿ 5ਵੀਂ ਦੇ ਬੱਚੇ ਨੂੰ ਅੰਗਰੇਜ਼ੀ ਦੇ ਵਿਸ਼ੇ ਵਿੱਚ ਕੀ ਸਿੱਖਣ ਦੀ ਲੋੜ ਹੈ ਤਾ ਜਦੋਂ ਤੁਸੀਂ ਇਸ ਦੀ ਜਾਣਕਾਰੀ ਲਈ ਇਸ ਦਿੱਤੀ ਹੋਈ ਵੈਬ ਸਾਈਟ ਓਪਰ ਜਾਓਗੇ ਤਾਂ ਦੇਖੋਗੇ ਕਿ ਇਹਨਾਂ ਬੱਚਿਆਂ ਨੂੰ 34 ਵੱਖ ਵੱਖ ਨਤੀਜੇ ਸਿੱਖਣ ਦੀ ਲੋੜ ਹੈ।

ਤੁਸੀਂ ਸਾਡੇ ਸਕੂਲ ਡਿਸਟਰਿਕਟ ਦੀ ਵੈਬ ਸਾਈਟ ਓਪਰੋਂ ਵੀ ਇਹਨਾਂ ਵਿਸ਼ਿਆ ਦੀ ਜਾਣਕਾਰੀ ਪ੍ਰਾਪਿਤ ਕਰ ਸਕਦੇ ਹੋ :
www.sd36.bc.ca/parents

- ਵਿਦਿਆ ਵਿਭਾਗ ਤੋਂ ਕਿਸ ਤਰਾਂ ਲਾਗੂ ਕੀਤੇ ਪਾਠਕਰਮ ਨੂੰ ਕੰਪਿਓਟਰ ਓਪਰ ਲਿਆਓਣਾ ਹੈ
- ਓਦਾਹਰਣ ਵਜੋਂ 5ਵੀਂ ਦੀ ਕਲਾਸ ਦੀਆਂ 11 ਚੀਜ਼ਾਂ ਜੋ ਬੱਚਿਆਂ ਦੇ ਜ਼ੁਬਾਨੀ ਬੋਲਣ ਦੇ ਸਿੱਖਣ ਲਈ ਹਨ
- ਵਿਦਿਆ ਵਿਭਾਗ ਵਲੋਂ ਨੰਬਰਾਂ ਬਾਰੇ ਜਾਣਕਾਰੀ
- ਅਧਿਆਪਕਾਂ ਨਾਲ ਕਿਸ ਤਰਾਂ ਕਾਮਯਾਬ ਮੁਲਾਕਾਤਾਂ ਕੀਤੀਆਂ ਜਾ ਸਕਦੀਆਂ ਹਨ

**ਬੱਚਿਆਂ ਦੇ ਨੰਬਰਾਂ ਬਾਰੇ ਜਾਣਕਾਰੀ**

ਵਿਦਿਆ ਵਿਭਾਗ ਵਲੋਂ ਇਹ ਫੈਸਲਾ ਕੀਤਾ ਗਿਆ ਹੈ ਕਿ ਬੱਚੇ ਕਿੰਡਰਗਾਰਟਨ ਤੋਂ 9ਵੀਂ ਤੱਕ ਗਰੇਡਾਂ ਲੈਣਗੇ ਮਤਲਬ ਕਿ "ਏ" ਜਾਂ "ਬੀ" ਆਦਿ ਅਤੇ 10 ਤੋਂ 12 ਤੱਕ ਦੇ ਬੱਚੇ ਹਰ ਮਜ਼ਬੂਨ ਵਿੱਚ ਪ੍ਰਤੀਸ਼ਤ ਹਾਸਿਲ ਕਰਨਗੇ। ਵਿਦਿਆ ਵਿਭਾਗ ਹੀ ਇਹ ਫੈਸਲਾ ਕਰਦਾ ਹੈ ਕਿ ਹਰ ਗਰੇਡ ਦੀ ਕੀਮਤ ਕੀ ਹੈ ਮਤਲਬ ਕਿ ਇੱਕ "ਬੀ" ਕਿਸ ਦੇ ਬਰਾਬਰ ਹੈ ਜਾਂ "ਸੀ" ਦੀ ਕੀਮਤ ਕੀ ਹੈ।

**ਆਈ ਦਾ ਕੀ ਮਤਲਬ ਹੈ**

ਆਈ ਦਾ ਜਦੋਂ ਨਬੰਰ ਮਿਲੇ ਤਾਂ ਕਈ ਵਾਰ ਮਾਪੇ ਅਲ੍ਹਚ ਜਾਂਦੇ ਹਨ। ਬੀ.ਸੀ. ਦੇ ਸਕੂਲ ਸਿਸਟਿਮ ਵਿੱਚ ਆਈ ਦਾ ਮਤਲਬ ਹੈ ਕਿ ਇਸ ਵਿਸ਼ੇ ਵਿੱਚ ਵਿਦਿਆਰਥੀ ਨੇ ਸਭ ਕੁੱਝ ਮੁਕੰਮਲ ਨਹੀਂ ਕੀਤਾ ਅਤੇ ਬੱਚਾ ਫੇਲ ਹੋ ਸਕਦਾ ਹੈ। ਇਸਦਾ ਮਤਲਬ ਹੈ ਕਿ ਬੱਚਾ ਘੱਟ ਤੋਂ ਘੱਟ ਵੀ ਨਤੀਜੇ ਨਹੀਂ ਲੈ ਰਿਹਾ। ਆਈ ਮਿਲ ਸਕਦੀ ਹੈ ਅਗਰ ਬੱਚਾ ਸਕੂਲ ਤੋਂ ਗੈਰਹਾਜ਼ਿਰ ਰਹੇ ਜਾਂ ਦਿੱਤਾ ਗਿਆ ਕੰਮ ਨਾ ਕਰੇ। ਆਈ ਬਦਲੀ ਜ਼ਰੂਰ ਸਕਦੀ ਹੈ ਪਾਸ ਹੋਣ ਲਈ ਪਰ ਅਗਰ ਕੋਈ ਤਬਦੀਲ਼ੀ ਬੱਚੇ ਦੀ ਪੜ੍ਹਾਈ ਵਿੱਚ ਨਾ ਆਵੇ ਤਾਂ ਬੱਚਾ ਫੇਲ ਵੀ ਹੋ ਸਕਦਾ ਹੈ।

ਰੀਪੋਰਟ ਕਾਰਡ ਇੱਕ ਸਧਾਰਣ ਮਦਦਗਾਰ ਸਾਧਨ ਹਨ ਜਿਹਨਾਂ ਨਾਲ ਬੱਚੇ ਦੀ ਓਨਤੀ ਬਾਰੇ ਜਾਣਕਾਰੀ ਮਿਲਦੀ ਹੈ। ਰਿਪੋਰਟ ਕਾਰਡ ਬਾਰੇ ਹੋਰ ਜਾਣਕਾਰੀ ਨਾਲ ਮਾਪਿਆਂ ਨੂੰ ਆਪਣੇ ਬੱਚੇ ਦੀ ਮਾਹਿਰਤਾ ਬਾਰੇ ਹੋਰ ਜਾਣਕਾਰੀ ਮਿਲਦੀ ਹੈ।

ਕਿਓਂਕਿ ਰੀਪੋਰਟ ਕਾਰਡ ਵਿੱਚ ਬੱਚੇ ਬਾਰੇ ਹਰ ਗੱਲ ਲਿਖਣ ਲਈ ਥਾਂ ਨਹੀਂ ਹੁੰਦੀ, ਤਾਂ ਇਸ ਲਈ ਅਧਿਆਪਕ ਅਤੇ ਮਾਪਿਆਂ ਵਿੱਚ ਮੁਲਾਕਾਤ ਨਾਲ ਹੋਰ ਵੀ ਗਿਆਨ ਬੱਚੇ ਬਾਰੇ ਮਿਲਦਾ ਹੈ। ਇਸ ਮੁਲਾਕਾਤ ਨਾਲ ਨਾਂ ਹੀ ਸਿਰਫ ਬੱਚੇ ਦੀ ਪੜ੍ਹਾਈ ਬਾਰੇ ਪਤਾ ਲਗਦਾ ਹੈ ਲੇਕਿਨ ਸਕੂਲ ਦੇ ਹੋਰ ਖੇਤਰਾਂ ਵਿੱਚ ਬੱਚੇ ਬਾਰੇ ਅਤੇ ਓਸਦੀ ਨਿਪੁੰਨਤਾ ਬਾਰੇ ਜਾਣਕਾਰੀ ਮਿਲਦੀ ਹੈ।

**ਅੰਗਰੇਜ਼ੀ ਭਾਸ਼ਾ ਦੇ ਬੋਲਣ ਲਈ 5ਵੀਂ ਦੀ ਕਲਾਸ ਵਿੱਚ ਜੋ ਪਾਠਕਰਮ ਲਾਗੂ ਕੀਤਾ ਹੈ, ਉਸ ਵਿੱਚੋ 11 ਓਦਾਹਰਣਾਂ :**

1. ਬੋਲਣ ਅਤੇ ਸੁਣਨ ਨਾਲ ਜੋ ਦੂਜਿਆਂ ਨਾਲ ਮੁਲਾਕਾਤਾਂ ਕਰਨੀਆਂ ਹਨ, ਓਹਨਾਂ ਦਾ ਮਕਸਦ ਇਹ ਹੈ:
   ਕਲਾਸ ਦੇ ਕਿਸੇ ਮੰਤਵ ਲਈ ਹਿੱਸਾ ਪਾਓਣਾ, ਆਪਣੇ ਵਿਚਾਰ, ਭਾਵਨਾਵਾਂ ਅਤੇ ਸੋਚਣ ਸ਼ਕਤੀ ਨੂੰ ਦੁਜਿਆਂ ਨਾਲ ਵਟਾਂਦਰਾਂ ਕਰਨਾ ਪੜ੍ਹ ਕਿ ਸਮਝਣ ਦੀ ਸ਼ਕਤੀ ਨੂੰ ਵਧਾਓਣਾ ਅਤੇ ਡੂੰਘਾਂ ਕਰਨਾ, ਮੁਸ਼ਕਿਲਾਂ ਨੂੰ ਹੱਲ ਕਰਨਾਂ ਅਤੇ ਦਿੱਤੇ ਗਏ ਕੰਮ ਕਰਨਾ
2. ਵੱਖ ਵੱਖ ਓਦੇਸ਼ਾਂ ਲਈ ਅਤੇ ਸਰੋਤਿਆਂ ਲਈ, ਬੋਲ ਕਿ ਵਿਚਾਰਾਂ ਨੂੰ, ਜਾਣਕਾਰੀ ਅਤੇ ਭਾਵਨਾਵਾਂ ਨੂੰ ਪ੍ਰਗਟ ਕਰਨਾਂ:
   ਚਲ ਰਹੀ ਵਿਚਾਰ ਧਾਰਾ ਦੇ ਦਾਇਰੇ ਵਿੱਚ ਰਹਿਣਾ, ਹੋਏ ਤਜਰਬੇ ਨੂੰ ਤਰਤੀਬਵਾਰ ਦਰਸਾਓਣਾ, ਇਸ ਅਸਰਦਾਰ ਸ਼ੁਰੂ ਅਤੇ ਅੰਤ ਨੂੰ ਚੁਣਨਾ, ਅਸਰਦਾਇਕ ਤਫਸੀਲ ਕਰਨੀ, ਸਬੂਤ ਦੇਣਾ ਅਤੇ ਓਦਾਹਰਣਾਂ ਦੇ ਕਿ ਆਪਣਾ ਵਿਚਾਰ ਮਜ਼ਬੂਤ ਬਣਾਓਣਾ
3. ਵੱਖ ਵੱਖ ਵਿਚਾਰਾਂ ਨੂੰ ਅਤੇ ਜਾਣਕਾਰੀ ਨੂੰ ਕਿਸੇ ਮਕਸਦ ਵਜੋਂ ਸੁਣਨਾ:
   ਕਿਸੇ ਵਿਚਾਰ ਦੇ ਮੁੱਖ ਨੁਕਤੇ ਨੂੰ ਸੰਖੇਪ ਰੂਪ ਵਿੱਚ ਦੱਸ ਸਕਣਾ, ਸਵਾਲ ਓਠਾਲਣੇ ਅਤੇ ਕਲਪਨਾ ਕਰਨਾ, ਛੁਪੇ ਹੋਏ ਵਿਚਾਰ ਨੂੰ ਸਮਝਣਾ ਅਤੇ ਨਤੀਜੇ ਓਪਰ ਪਹੁੰਚਣਾ, ਬੁਲਾਰੇ ਦੇ ਬੋਲੇ ਹੋਏ ਅਤੇ ਅਨਬੋਲੇ ਵਿਚਾਰ ਸਮਝਣਾ ਅਤੇ ਪਰੇਸ਼ਾਨੀ ਤੋਂ ਬਚਣਾ
4. ਜਦੋਂ ਦੂਜਿਆਂ ਨਾਲ ਮਿਲਣਾ ਜੁਲਣਾ ਤਾਂ ਵਿਧੀਆਂ ਵਰਤਣੀਆਂ :
   ਜਿਹੜੀ ਪਹਿਲੀ ਜਾਣਕਾਰੀ ਹੈ ਓਸਨੂੰ ਵਰਤਣਾ, ਪੁਰਾਤਨ ਨੂੰ ਹੁਣ ਨਾਲ ਜੋੜਨਾ, ਹੋਰ ਜਾਣਕਾਰੀ ਅਤੇ ਸਮਝਨ ਲਈ ਸਵਾਲ ਪੁੱਛਣੇ, ਬੋਲਣ ਅਤੇ ਸੁਣਨ ਵਿੱਚ ਵਾਰੀ ਲੈਣੀ, ਬੋਲਾਰੇ ਦੇ ਕਹੇ ਹੋਏ ਨੂੰ ਸੰਖੇਪ ਰੂਪ ਵਿੱਚ ਸਫਾਈ ਲਈ ਦੁਹਰਾਓਣਾ
5. ਜਦੋਂ ਵਿਚਾਰ ਸਾਂਝੇ ਕਰਨੇ ਹੋਣ, ਜਾਣਕਾਰੀ ਦੇਣੀ ਹੋਵੇ ਅਤੇ ਭਾਵਨਾਵਾਂ ਨੂੰ ਪ੍ਰਗਟ ਕਰਨਾ ਹੋਵੇ ਤਾਂ ਵਿਧੀਆਂ ਦੀ ਵਰਤੋਂ ਕਰਨਾ:
   ਇੱਕ ਓਦੇਸ਼ ਮਿੱਥਣਾ ਅਤੇ ਪਿਛਲੀ ਜਾਣਕਾਰੀ ਨੂੰ ਵਰਤਣਾ, ਵਿਚਾਰਾਂ ਨੂੰ ਹੋਂਦ ਦੇਣੀ, ਜਾਣਕਾਰੀ ਨੂੰ ਸਗੰਠਨ ਕਰਨਾ ਅਤੇ ਪੇਸ਼ ਕਰਨ ਲਈ ਪਰੈਕਟਿਸ ਕਰਨਾ, ਆਪਣੇ ਆਪ ਨੂੰ ਦੂਜਿਆਂ ਦੇ ਵਿਚਾਰਾਂ ਮਗਰੋਂ ਦਰੁਸਤ ਕਰ ਲੈਣਾ
6. ਸੁਣਨ ਵੇਲੇ ਵਿਧੀਆਂ ਵਰਤਣੀਆਂ ਜਿਹਨਾਂ ਨਾਲ ਮਤਲਬ ਹੋਰ ਸਾਫ ਹੋ ਜਾਵੇ:
   ਪਿਛੋਕੜ ਜਾਣਕਾਰੀ ਨੂੰ ਵਰਤਣਾ, ਸੁਣਨ ਤੋਂ ਪਹਿਲਾਂ ਮਜ਼ਬੂਨ ਬਾਰੇ ਭਵਿੱਖ ਬਾਣੀ ਕਰਨੀ, ਬੋਲਣ ਵਾਲੇ ਵਲ ਧਿਆਨ ਦੇਣਾ, ਖਾਸ ਨੁਕਤਿਆਂ ਵਲ ਧਿਆਨ ਦੇਣਾ, ਸਵਾਲ ਪੁੱਛਣੇ, ਪਹਿਲਾਂ ਸਿੱਖਿਆ ਯਾਦ ਕਰਨਾ, ਸੰਖੇਪ ਰੂਪ ਵਿੱਚ ਦੱਸਣਾ, ਦਿਮਾਗੀ ਤਸਵੀਰ ਬਣਾਓਣੀ, ਛੁਪਿਆ ਨੁਕਤਾ ਜਾਨਣਾ ਅਤੇ ਨਤੀਜਾਂ ਕੱਢਣਾ, ਸੱਚ ਅਤੇ ਵਿਚਾਰ ਦਾ ਫਰਕ ਜਾਨਣਾ ਅਤੇ ਆਪਣੀ ਸਮਝਣ ਦੀ ਸ਼ਕਤੀ ਤੋਂ ਜਾਣੂ ਹੋਣਾ

7. ਸ਼ਬਦਾਵਲੀ ਦੀ ਜਾਣਕਾਰੀ ਅਤੇ ਵਰਤੋਂ ਦੀ ਪਰਦਰਸ਼ਨੀ ਕਰਨੀ

8. ਬੋਲ ਕੇ ਅਤੇ ਸੁਣ ਕੇ ਲਿਖੇ ਹੋਏ ਜਾਣਕਾਰੀ ਦਾ ਵਿਆਖਿਆ ਕਰਨਾ, ਜਵਾਬ ਦੇਣਾ ਅਤੇ ਸਬੂਤ ਪੇਸ਼ ਕਰਨਾ

9 ਸੁਣਨ ਅਤੇ ਬੋਲਣ ਨਾਲ ਆਪਣੀ ਸੋਚਣ ਸ਼ਕਤੀ ਨੂੰ ਵਧਾਓਣਾ:
   ਸਵਾਲ ਪੁੱਛਣੇ ਅਤੇ ਅੰਦਾਜ਼ਾ ਲਾਓਣਾ, ਨਵੇਂ ਵਿਚਾਰ ਓਲੀਕਣੇ, ਵਿਚਾਰਾਂ ਦੀ ਛਾਣਬੀਣ ਕਰਨੀ, ਵਿਆਖਿਆ ਨੂੰ ਸੋਧ ਦੇਣੀ, ਵਿਰੋਧੀ ਵਿਚਾਰਾਂ ਨੂੰ ਵਿਚਾਰਨਾ, ਮੁਸ਼ਕਿਲਾਂ ਹੱਲ ਕਰਨੀਆਂ

10 ਬੋਲਣ ਅਤੇ ਸੁਣਨ ਬਾਰੇ ਵਿਚਾਰਨਾ ਅਤੇ ਕਰ ਨਿਰਧਾਰਨ ਕਰਨਾ:
   ਕਲਾਸ ਵਿੱਚ ਟੈਸਟ ਦੇ ਨਾਪਣ ਲਈ ਜੋ ਸੂਚੀ ਤਿਆਰ ਕੀਤੀ, ਦੋਸਤਾਂ ਅਤੇ ਵੱਡਿਆਂ ਦੇ ਵਿਚਾਰਾਂ ਨੂੰ ਸੁਣਨਾ ਅਤੇ ਧਿਆਨ ਵਿੱਚ ਲਿਆਓਣਾ, ਆਪਣੇ ਲਈ ਟੀਚੇ ਨਿਸ਼ਚਤ ਕਰਨੇ ਅਤੇ ਓਹਨਾਂ ਨੂੰ ਪਾਓਣ ਲਈ ਸਕੀਮ ਬਣਾਓਣੀ, ਟੀਕਿਆਂ ਓਪਰ ਪਹੰਚਣ ਲਈ ਜਦੋ ਜਹਿਦ ਜਾਰੀ ਰੱਖਣੀ

11. ਜੁਬਾਨੀ ਬੋਲਣ ਦੀ ਰੂਪ ਰੇਖਾ ਰਾਹੀਂ ਮਤਲਬ ਦੂਸਰਿਆਂ ਤੱਕ ਪਹੰਚਾਓਣਾ:
   ਲਿਖੇ ਹੋਏ ਦੀ ਰੂਪ ਰੇਖਾ, ਵੱਖ ਵੱਖ ਤਰਾਂ ਦੇ ਮੁਹਾਵਰੇ ਜਿਨਾਂ ਦੀ ਲਬੰਾਈ ਅਤੇ ਰੂਪ ਰੇਖਾ ਵਿੱਚ ਭਿੰਨਤਾ ਹੈ, ਇਕ ਤੋਂ ਦੂਜੇ ਵਿਚਾਰ ਵਿੱਚ ਪਰਵੇਸ਼ ਕਰਨ ਲਈ ਆਸਾਨੀ, ਸ਼ਬਦ ਜਿਹਨਾਂ ਦਾ ਇੱਕ ਦੂਜੇ ਨਾਲ ਲਗਾਅ ਹੋਵੇ, ਠੀਕ ਗਰਾਮਰ ਵਰਤਣੀ ਅਤੇ ਬੋਲਣ ਤੋਂ ਬਿਨਾਂ ਵੀ ਜੋ ਵਿਚਾਰ ਪਰਗਟ ਕੀਤੇ ਜਾਂਦੇ ਹਨ ਓਹਨਾਂ ਨੂੰ ਵਰਤਿਆ ਜਾਵੇ ਅਤੇ ਸੁਣਨ ਲਈ ਠੀਕ ਤਰਾਂ ਬੈਠਿਆ ਜਾਵੇ